# Surrey School District

Surrey Schools . . . Keeping Learners at the Centre

Tel: 604.596.7733
Fax: 604.596.7941
www.sd36.bc.ca


**November 14, 2007**

## ਸਰ੍ਹੀ ਦੇ ਸਕੂਲਾਂ ਵਿੱਚ ਸੈਟਲਮੈਂਟ ਕਰਮਚਾਰੀਆਂ ਦਾ ਪ੍ਰੋਗਰਾਮ ਸ਼ੁਰੂ
## ਨਵੇਂ ਪ੍ਰੀਵਾਰਾਂ ਲਈ ਦੇ ਸਵਾਗਤ ਲਈ ਇੱਕ ਸੈਂਟਰ ਖੁਲ੍ਹਗਾ ਨਵੇਂ ਸਾਲ ਵਿੱਚ

**Settlement Workers in Schools program well underway**

ਸਰ੍ਹੀ ਸਕੂਲ ਡਿਸਟਰਿਕਟ ਨੇ 11 ਸੈਟਲਮੈਂਟ ਵਰਕਰਜ਼ ਨੂੰ ਨੌਕਰੀਆਂ ਦਿੱਤੀਆਂ ਹਨ, ਜਿਹਨਾਂ ਦੀ ਤਨਖਾਹ ਆਪਣੇ ਸੂਬੇ ਦੀ ਸਰਕਾਰ ਵਲੋਂ ਦਿੱਤੀ ਜਾਏਗੀ, ਇੱਕ ਸੈਟਲਮੈਂਟ ਵਰਕਰਜ਼ ਇਨ ਸਕੂਲਜ਼, ਦੇ ਪ੍ਰੋਗਰਾਮ ਦੀ ਅਧੀਨਗੀ ਵਿੱਚ । ਇਸ ਪ੍ਰੋਗਰਾਮ ਦੇ ਅਧੀਨ ਇਹ ਕਰਮਚਾਰੀ ਬਾਹਰ ਦੇ ਮੁਲਕਾਂ ਵਿੱਚੋਂ ਆਏ ਨਵੇਂ ਨਾਗਰਿਕਾਂ ਦੀ ਇਥੇ ਦੀ ਸਭਿਅਤਾ ਵਿੱਚ ਰਲ ਮਿਲ ਜਾਣ ਲਈ ਮਦਦ ਕਰਨਗੇ ।

ਇਸ ਦੇ ਨਾਲ ਨਾਲ ਨਿਊਟਨ ਵਿੱਚ ਸਕੂਲ ਡਿਸਟਰਿਕਟ ਨੇ ਨਵੇਂ ਨਾਗਰਕਿਾਂ ਦੇ ਸਵਾਗਤ ਲਈ ਇੱਕ 5000 ਸਕੁਏਅਰ ਫੁੱਟ ਦੇ ਖੇਤਰਫਲ ਦਾ ਇੱਕ ਨਵਾਂ ਦਫਤਰ ਆ ਰਹੇ ਸਾਲ ਵਿੱਚ ਖੋਲ੍ਹਣਾ ਹੈ । ਇਸ ਦਫਤਰ ਰਾਹੀਂ ਨਵੇਂ ਆਏ ਪ੍ਰੀਵਾਰਾਂ ਅਤੇ ਵਿਦਿਆਰਥੀਆਂ ਨੂੰ ਸ਼ਹਿਰ ਬਾਰੇ, ਵੱਖ ਵੱਖ ਸੰਸਥਾਵਾਂ ਬਾਰੇ ਅਤੇ ਵਿਦਿਆ ਸਬੰਧੀ ਜਾਣਕਾਰੀ ਮਿਲੇਗੀ ।

ਇਸ ਨਵੇਂ ਪ੍ਰੋਗਰਾਮ ਬਾਰੇ ਸਰ੍ਹੀ ਦੇ ਵਿਦਿਆ ਦੇ ਬੋਰਡ ਦੇ ਚੇਅਰਮੈਨ ਨੇ ਕਿਹਾ ਕਿ “ ਸਮਾਜ ਵਿੱਚ ਸ਼ਾਤੀ ਵਧਾਓਣ ਲਈ ਅਤੇ ਵਿਦਿਆਰਥੀਆਂ ਦੀ ਕਾਮਯਾਬੀ ਲਈ, ਇਹ ਜ਼ਰੂਰੀ ਹੈ ਕਿ ਇੱਕ ਦੂਜੇ ਦੀ ਸਭਿਅਤਾ ਬਾਰੇ ਜਾਣਕਾਰੀ ਅਤੇ ਮਨਜ਼ੂਰੀ ਸਾਰੇ ਭਾਈਚਾਰੇ ਕੋਲ ਹੋਵੇ ।”

ਓਨ੍ਹਾਂ ਕਿਹਾ ਕਿ “ਇਹ ਪ੍ਰੋਗਰਾਮ ਅਤੇ ਸਵਾਗਤ ਕਰਨ ਵਾਲਾ ਸੈਂਟਰ ਨਾਂ ਸਿਰਫ ਵਿਦਿਆਰਥੀਆਂ ਦੇ ਆਰਾਮ ਅਤੇ ਮਦਦ ਲਈ ਲਾਭਵੰਦ ਹੋਏਗਾ ਪਰ ਨਾਲ ਨਾਲ ਸਾਡੇ ਭਾਈਚਾਰੇ ਦੀ ਬਹੁ ਭਿੰਨਤਾ ਲਈ ਵੀ ਸਹਾਰਾ ਅਤੇ ਬਹੁ ਭਿਨੰਤਾ ਦੇ ਗੁਣਾ ਨੂੰ ਮਨਾਓਣ ਦੀ ਮਦਦ ਕਰਨਗੇ ।”

ਇਹ 11 ਕਰਮਚਾਰੀ ਸਕੂਲਾਂ ਵਿੱਚ ਪਹਿਲਾਂ ਤੋਂ ਕੰਮ ਕਰ ਰਹੇ 15 ਮਲਟੀ ਕਲਚੁਰਲ ਕਰਮਚਾਰੀਆਂ ਦੇ ਨਾਲ ਨਾਲ ਸਕੂਲਾਂ ਵਿੱਚ ਵਿਦਿਆਰਥੀਆਂ ਅਤੇ ਪ੍ਰੀਵਾਰਾਂ ਦੀ ਸਹਾਇਤਾ ਕਰਨਗੇ ।

ਅਕਤੂਬਰ ਦੇ ਅੰਤ ਤੱਕ ਇਹ ਸਾਰੇ ਕਰਮਚਾਰੀ ਆਪਣੇ ਸਕੂਲਾਂ ਵਿੱਚ ਨਵੇਂ ਆਏ ਬੱਚਿਆਂ ਨੂੰ ਅਤੇ ਓਹਨਾਂ ਦੇ ਪ੍ਰੀਵਾਰਾਂ ਨੂੰ ਮਿਲ ਚੁੱਕੇ ਹੋਣਗੇ ਤਾਂ ਕਿ ਇਹਨਾਂ ਨਵੇਂ ਆਏ ਲੋਕਾਂ ਨੂੰ ਆਪਣੇ ਸਮਾਜ ਵਿੱਚ ਸਥਾਪਿਤ ਹੋਣ ਲਈ ਆਸਾਨੀ ਰਹੇ ।

ਵੱਖ ਵੱਖ ਭਾਸ਼ਾਵਾਂ ਵਿੱਚ ਇਹਨਾਂ ਨਵੇਂ ਆਏ ਪ੍ਰੀਵਾਰਾਂ ਲਈ ਜਾਣਕਾਰੀ ਛਾਪੀ ਜਾ ਰਹੀ ਹੈ ਅਤੇ ਜਲਦੀ ਹੀ ਓਹਨਾਂ ਦੀ ਮਦਦ ਲਈ ਇਹ ਸਾਰੀ ਜਾਣਕਾਰੀ ਵੱਖ ਵੱਖ ਸੰਸਥਾਵਾਂ ਬਾਰੇ ਤਿਆਰ ਕਰਕੇ ਦਿੱਤੀ ਜਾਵੇਗੀ ।

ਆਪਣੇ ਪ੍ਰਾਂਤ ਦੀ ਇੰਮੀਗਰਾਂਟਾਂ ਦੀ ਸੇਵਾਵਾਂ ਦੀ ਸੁਸਾਇਟੀ ਵਲੋਂ ਇੱਕ ਜਾਰੀ ਕੀਤੀ ਰਿਪੋਰਟ ਵਿੱਚ ਇਹ ਕਿਹਾ ਗਿਆ ਹੈ ਕਿ 2003 ਤੋਂ 2006 ਤੱਕ ਗੌਰਮਿੰਟ ਦੀ ਮਦਦ ਨਾਲ ਤਕਰੀਬਰਨ 645 ਸ਼ਰਨਾਰਥੀ ਪ੍ਰੀਵਾਰ ਸਰ੍ਹੀ ਵਿੱਚ ਸਥਾਪਿਤ ਕੀਤੇ ਜਾ ਚੁੱਕੇ ਹਨ ।